**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਈ-ਬਲਾਕ, ਪੰਜਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ. ਨਗਰ (ਮੁਹਾਲੀ)।

ਫੋਨ ਨੰ: 0172-5212339, E_mail: civilworks.punjab@gmail.com

ਵੱਲ

2020100938
23/7/2020

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ /ਐ.ਸਿ)
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ
ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)
ਪੰਜਾਬ।

ਮੀਮੋ ਨੰ: ਸਸਅ/ਸਿ.ਵ/2020/168277 ਮਿਤੀ : 21/07/2020

ਵਿਸ਼ਾ: **ਬਰਸਾਤ ਦੇ ਮੌਸਮ ਤੋਂ ਪਹਿਲਾਂ ਸਕੂਲ ਇਮਾਰਤਾਂ ਨੂੰ ਲੀਕੇਜ/ਸਲਾਬ ਤੋਂ ਬਚਾਉਣ ਲਈ ਹਦਾਇਤਾਂ ਜਾਰੀ ਕਰਨ ਸਬੰਧੀ।**

ਉਕਤ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਹੇਠ ਲਿਖੀਆ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ:

1) ਬਰਸਾਤੀ ਪਾਣੀ ਨੂੰ ਛੱਤਾਂ ਤੋਂ ਹੇਠਾਂ ਲੈ ਕੇ ਜਾਣ ਵਾਲੀਆਂ ਪਾਈਪਾਂ, ਪਰਨਾਲਿਆ ਵਿੱਚ ਅਕਸਰ ਪੱਤੇ, ਲਿਫਾਫੇ, ਕਾਗਜ਼, ਆਦਿ ਫਸ ਜਾਂਦੇ ਹਨ ਇਸ ਲਈ ਬਰਸਾਤਾਂ ਤੋਂ ਪਹਿਲਾਂ ਇਨ੍ਹਾਂ ਬੰਦ ਹੋਈਆਂ ਪਾਈਪਾਂ ਨੂੰ ਸਾਫ ਕਰ ਦਿੱਤਾ ਜਾਵੇ। ਛੱਤਾਂ ਉਪਰ ਅਣਚਾਹਿਆ ਘਾਹ ਬੂਟੀ ਦੀ ਵੀ ਸਫਾਈ ਕੀਤੀ ਜਾਵੇ।

2) ਇਹ ਯਕੀਨੀ ਬਣਾਇਆ ਜਾਵੇ ਕੇ ਛੱਤਾਂ ਦਾ ਬਰਸਾਤੀ ਪਾਣੀ ਸਿੱਧਾ ਪਰਨਾਲਿਆ ਤੱਕ ਪਹੁੰਚਦਾ ਹੋਵੇ ਪਰਨਾਲਿਆ ਦੁਆਰਾ ਉਤਰੇ ਪਾਣੀ ਦੀ ਅੱਗੇ ਉਚਿਤ ਨਿਕਾਸੀ ਹੋਵੇ ਅਤੇ ਪਾਣੀ ਇਮਾਰਤਾਂ ਨੇੜੇ ਇਕੱਠਾ ਨਾ ਹੋਵੇ।

3) ਛੱਤਾਂ ਉਪਰ ਟਾਇਲਾ ਲਗਾਉਣ ਦਾ ਕੰਮ ਜੇਕਰ ਮਿਆਰੀ ਨਾ ਹੋਇਆ ਹੋਵੇ ਤਾਂ ਛੱਤ ਉਪਰ ਕੁਝ Depression (ਖੱਡੇ/ਟੋਏ) ਪੈਂਦਾ ਹੋ ਜਾਂਦੇ ਹਨ ਜਿਥੇ ਪਾਣੀ ਇਕੱਠਾ ਹੋ ਜਾਂਦਾ ਹੈ ਜੋ ਸਲਾਬ/ਲੀਕੇਜ਼ ਦਾ ਕਾਰਨ ਬਣਦਾ ਹੈ। ਇਸ ਲਈ ਉਸ ਹਿਸੇ ਦੀਆਂ ਟਾਈਲਾ ਪੁਟ ਕੇ ਠੀਕ ਤਰੀਕੇ ਨਾਲ ਲਗਾ ਦਿੱਤੀਆ ਜਾਣ।

4) ਸਕੂਲੀ ਇਮਾਰਤਾਂ ਦੀਆਂ ਬਾਹਰੀ ਕੰਧਾਂ ਨਾਲ Plinth Protection (ਕੰਧ ਦੇ ਬਾਹਰ ਵਾਰ 2 ਫੁੱਟ ਚੋੜਾ ਢਲਵਾਂ ਫਰਸ਼) ਬਣਾਇਆ ਜਾਵੇ। ਜੇਕਰ ਫੰਡ ਉਪਲੱਬਧ ਨਾ ਹੋਣ ਤਾਂ ਹਾਲ ਦੀ ਘੜੀ ਕੰਧ ਦੇ ਬਾਹਰ ਵੱਲ ਢਾਲ ਵਿੱਚ ਮਿੱਟੀ ਪਾ ਕੇ ਦੁਰਮਟ ਨਾਲ ਕੁਟਾਈ ਕਰ ਦਿੱਤੀ ਜਾਵੇ ਤਾਂ ਜੋ ਬਰਸਾਤੀ ਪਾਣੀ ਕੰਧ ਦੇ ਨੇੜੇ ਨਾ ਖੜਾ ਹੋ ਸਕੇ।

5) ਕੰਪਿਊਟਰ ਲੈਬ, ROT ਲੈਬ, ਈ-ਲਾਇਬ੍ਰੇਰੀ, ਸਾਇੰਸ ਲੈਬ, ਲਾਇਬ੍ਰੇਰੀ ਦੀ ਸਫਾਈ ਵੀ ਕਰਵਾਈ ਜਾਵੇ ਅਤੇ ਸੁਨਿਸ਼ਚਿਤ ਕੀਤਾ ਜਾਵੇ ਕਿ ਕੋਈ ਵੀ ਇਲੈਕਟ੍ਰਾਨਿਕ ਆਈਟਮ, ਲੈਬ ਦੇ ਉਪਕਰਨ ਅਤੇ ਲਾਇਬ੍ਰੇਰੀ ਦੀਆਂ ਕਿਤਾਬਾਂ ਪਾਣੀ ਨਾਲ ਖਰਾਬ ਨਾ ਹੋਣ।

6) ਕੰਧਾਂ ਦੇ ਬਿਲਕੁੱਲ ਨਾਲ ਜੋੜ ਕੇ ਫੁਲ ਬੂਟੇ ਲਗਾਉਣ ਲਈ ਕਿਆਰੀਆਂ ਨਾ ਬਣਾਈਆ ਜਾਣ ਇਹ ਸਲਾਬ ਦਾ ਕਾਰਨ ਬਣਦੀਆਂ ਹਨ।

7) ਟੁਆਇਲਟ ਦੀ ਸਫਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਪਾਣੀ ਦੀ ਲੀਕੇਜ਼ ਤੁਰੰਤ ਬੰਦ ਕਰਵਾਈ ਜਾਵੇ ਅਤੇ ਹਰ ਟੁਆਇਲਟ ਨੂੰ ਫੰਕਸ਼ਨਲ ਕਰਵਾਇਆ ਜਾਵੇ।

8) ਛੱਤ ਉਪਰ ਉਸਾਰੀ ਗਈ/ਰੱਖੀ ਪਾਣੀ ਦੀ ਟੈਂਕੀ ਦਾ ਫਲੋਟਿੰਗ ਵਾਲਵ (ਤਰਨ ਵਾਲੀ ਗੇਂਦ) ਦੇ ਟੁੱਟ ਜਾਣ ਜਾਂ ਖਰਾਬ ਹੋ ਜਾਣ ਕਾਰਨ ਟੈਂਕੀ ਭਰਨ ਤੋਂ ਬਾਅਦ ਵਾਧੂ ਪਾਣੀ ਛੱਤ ਉਪਰ ਇਕੱਠਾ ਹੋਣਾ ਸ਼ੁਰੂ ਹੋ ਜਾਂਦਾ ਹੈ

[illegible]

ਮੀਮੋ ਨੰ 2020170369 ਮਿਤੀ 23-07-2020